## ਤੁਹਾਡੀ ਜਾਗਰੂਕਤਾ ਲਈ

### ਖੇਤੀਬਾੜੀ ਕਰਮਚਾਰੀਆਂ ਲਈ ਬੇਰੁਜ਼ਗਾਰੀ ਮੁਆਵਜ਼ਾ

**ਖੇਤੀਬਾੜੀ ਬੇਰੁਜ਼ਗਾਰੀ ਮੁਆਵਜ਼ੇ ਦਾ ਹੱਕਦਾਰ ਕੌਣ ਹੈ?**
ਹਰੇਕ ਖੇਤੀਬਾੜੀ ਕਾਮੇ ਨੂੰ ਕਨੂੰਨੀ ਤੌਰ 'ਤੇ ਘੱਟੋ-ਘੱਟ 2 ਸਾਲ ਦੀ ਸੇਵਾ ਮਿਆਦ ਅਤੇ ਅਰਜ਼ੀ ਦੇਣ ਤੋਂ ਪਹਿਲਾਂ ਦੇ ਸਾਲ ਦੇ ਅੰਦਰ 102 ਕੰਮਕਾਜੀ ਦਿਨਾਂ ਦੇ ਨਾਲ ਨਿਯੁਕਤ ਕੀਤਾ ਗਿਆ ਹੈ।

**ਖੇਤੀਬਾੜੀ ਬੇਰੁਜ਼ਗਾਰੀ ਮੁਆਵਜ਼ੇ ਨਾਲ ਤੁਹਾਨੂੰ ਕਿੰਨੀ ਕੁ ਰਕਮ ਮਿਲੇਗੀ?**
ਇਹ ਤੁਹਾਡੀ ਤਨਖਾਹ ਦਾ ਲਗਭਗ 40% ਹੋਵੇਗਾ। ਅਜਿਹੀ ਰਕਮ ਦੀ ਗਣਨਾ ਤੁਹਾਡੇ ਪਿਛਲੇ ਸਾਲ ਦੇ ਕੰਮਕਾਜੀ ਦਿਨਾਂ ਦੀ ਗਿਣਤੀ ਦੇ ਆਧਾਰ 'ਤੇ ਕੀਤੀ ਜਾਂਦੀ ਹੈ।

**ਖੇਤੀਬਾੜੀ ਬੇਰੁਜ਼ਗਾਰੀ ਮੁਆਵਜ਼ੇ ਲਈ ਜਮ੍ਹਾਂ ਕਰਨ ਦੀ ਆਖਰੀ ਮਿਤੀ ਕਦੋਂ ਹੈ?**
ਅਰਜ਼ੀ ਹਰ ਸਾਲ ਜਨਵਰੀ ਤੋਂ ਲੈ ਕੇ 31 ਮਾਰਚ ਤੱਕ ਭੇਜੀ ਜਾਣੀ ਲਾਜ਼ਮੀ ਹੈ।

### ਬਿਮਾਰੀ ਅਤੇ ਜਣੇਪਾ

ਬਿਮਾਰੀ ਅਤੇ ਜਣੇਪਾ ਲਾਭ ਰਾਸ਼ਟਰੀ ਸਮਾਜਿਕ ਬੀਮਾ ਸੰਸਥਾ - INPS ਵੱਲੋਂ ਦਿੱਤਾ ਜਾਂਦਾ ਹੈ। ਸਥਾਈ ਕਰਮਚਾਰੀਆਂ ਲਈ, ਲਾਭ ਸਿੱਧੇ ਤੌਰ 'ਤੇ ਤੁਹਾਡੀ ਤਨਖਾਹ 'ਤੇ ਦਿੱਤਾ ਜਾਂਦਾ ਹੈ ਜਦੋਂ ਕਿ ਨਿਸ਼ਚਿਤ-ਮਿਆਦ ਵਾਲੇ ਕਰਮਚਾਰੀਆਂ ਲਈ ਇਹ ਰਾਸ਼ਟਰੀ ਸਮਾਜਿਕ ਬੀਮਾ ਸੰਸਥਾ ਵੱਲੋਂ ਅਦਾ ਕੀਤਾ ਜਾਂਦਾ ਹੈ (ਇਸ ਮਾਮਲੇ ਵਿੱਚ, ਮੁੱਢਲੀ ਲੋੜ ਘੱਟੋ-ਘੱਟ 51 ਕੰਮਕਾਜੀ ਦਿਨ ਹੈ)।

ਭਵਿੱਖ ਵਿੱਚ ਪੈਨਸ਼ਨ ਅਤੇ ਹੋਰ ਲਾਭਾਂ (ਖੇਤੀਬਾੜੀ ਖੇਤਰ ਲਈ ਬੇਰੁਜ਼ਗਾਰੀ ਭੱਤਾ, ਜਣੇਪਾ, ਬਿਮਾਰੀ ਭੱਤਾ, ਆਦਿ) ਦੇ ਹੱਕਦਾਰ ਬਣਨ ਲਈ ਨਿਯਮਤ ਰੁਜ਼ਗਾਰ ਅਤੇ ਮਾਲਕ ਦੁਆਰਾ INPS *[ਇਟਾਲੀਅਨ ਨੈਸ਼ਨਲ ਇੰਸਟੀਚਿਊਟ ਫੌਰ ਸੋਸ਼ਲ ਸਿਕਿਉਰਿਟੀ]* ਨੂੰ ਸਮਾਜਿਕ ਸੁਰੱਖਿਆ ਯੋਗਦਾਨਾਂ ਦਾ ਭੁਗਤਾਨ ਜ਼ਰੂਰੀ ਹੈ।

## ਸਾਡੇ ਵੱਲ ਆਓ ਇਸ ਲਈ:

- ਪਰਮੇਸੋ ਦੀ ਸੋਜੋਰਨੋ
- ਪ੍ਰੋਟੇਜ਼ੀਓਨੇ ਇੰਟਰਨਾਜ਼ੀਓਨਾਲੇ (ਆਸੀਲੋ)
- ਕੋਨਵਰਸ੍ਹਨੇ

**ਮੁਫ਼ਤ ਸੇਵਾ**

## ਸਥਾਨਕ ਬ੍ਰਾਂਚਾਂ FLAI CGIL ਟ੍ਰੇਵਿਸੋ

**Treviso**
Via Dandolo, 4 31100 Treviso | ਸ਼ੁੱਕਰਵਾਰ

**Valdobbiadene**
Via Mazzini, 13 31049 Valdobbiadene | ਸੋਮਵਾਰ ਅਤੇ ਵੀਰਵਾਰ

**Montebelluna**
Piazza Parigi, 14 31044 Montebelluna | ਬੁੱਧਵਾਰ

**Castelfranco**
Piazza Europa Unita, 55 31033 Castelfranco Veneto | ਮੰਗਲਵਾਰ

**Onè di Fonte**
Piazza Onè, 18 31010 Fonte | ਬੁੱਧਵਾਰ

**Pieve di Soligo**
Via Chisini, 66/2 31053 Pieve di Soligo | ਸੋਮਵਾਰ

**Conegliano**
Viale Venezia, 14/b 31015 Conegliano | ਬੁੱਧਵਾਰ

**Vittorio Veneto**
Via Virgilio, 48 31029 Vittorio Veneto | ਸੋਮਵਾਰ

**Oderzo**
Via Zanusso, 4 31046 Oderzo | ਵੀਰਵਾਰ

# Diritti in CAMPO

Brigate del Lavoro

PUNJABI

CGIL FLAI TREVISO

## FLAI CGIL ਟਰੇਵੀਜ਼ੋ ਨਾਲ ਸੰਪਰਕ ਕਰੋ

**+39 3421991066**
(ਸਿਰਫ਼ WhatsApp ਸੁਨੇਹੇ)

**QR ਕੋਡ ਸਕੈਨ ਕਰੋ**
ਹੋਰ ਜਾਣਕਾਰੀ ਅਤੇ ਸੰਪਰਕ ਲਈ

ਰਿਹਾਇਸ਼ ਪਰਮਿਟ



ਸਿਹਤ ਅਤੇ ਸੁਰੱਖਿਆ

**SINDACATO DI STRADA**
unionatcorner

ਕੰਮ

ਪੇਅ-ਚੱਕ

CGIL FLAI TREVISO

**FLAI CGIL ਟ੍ਰੇਵੀਸੋ**
Via Dandolo, 4 Treviso
flai.treviso@flai.it

# FLAI ਕੀ ਹੈ?

**FLAI-CGIL ਸਮੁੱਚੇ ਇਟਲੀ ਦੇਸ਼ ਵਿੱਚ ਖੇਤੀਬਾੜੀ-ਭੋਜਨ ਸੰਬੰਧੀ ਕਰਮਚਾਰੀਆਂ ਦੀ ਸਭ ਤੋਂ ਵੱਡੀ ਮਜ਼ਦੂਰ ਯੂਨੀਅਨ ਹੈ।** ਸਾਡਾ ਮੁੱਖ ਉਦੇਸ਼ ਸਾਰੇ ਕਰਮਚਾਰੀਆਂ ਦੀ ਰੱਖਿਆ ਅਤੇ ਦੇਖਭਾਲ ਕਰਨਾ ਹੈ। ਬਸ ਸਾਡੇ ਨਾਲ ਸੰਪਰਕ ਕਰੋ ਅਤੇ ਤੁਹਾਨੂੰ ਤੁਹਾਡੇ ਅਧਿਕਾਰਾਂ ਬਾਰੇ ਪੂਰੀ ਜਾਣਕਾਰੀ ਦਿੱਤੀ ਜਾਵੇਗੀ। ਅਸੀਂ ਤੁਹਾਡੇ ਕੰਮ ਕਰਨ ਦੇ ਇਕਰਾਰਨਾਮੇ ਦੀ ਜਾਂਚ ਕਰਦੇ ਹਾਂ ਅਤੇ ਇਹ ਪੁਸ਼ਟੀ ਕਰਦੇ ਹਾਂ ਕਿ ਕੀ ਤੁਹਾਡਾ ਰੁਜ਼ਗਾਰਦਾਤਾ ਤੁਹਾਡੀਆਂ ਸਮਾਜਿਕ ਸੁਰੱਖਿਆ ਜ਼ਿੰਮੇਵਾਰੀਆਂ ਦੇ ਅਨੁਸਾਰ ਵਿਵਹਾਰ ਕਰ ਰਿਹਾ ਹੈ। ਅਸੀਂ ਕਨੂੰਨੀ ਸਹਾਇਤਾ ਮੁਹੱਈਆ ਕਰਦੇ ਹਾਂ, ਅਸੀਂ ਤੁਹਾਡੀ ਰਿਹਾਇਸ਼ੀ ਪਰਮਿਟ ਪ੍ਰਕਿਰਿਆ ਦੇ ਨਾਲ-ਨਾਲ ਤੁਹਾਡੀ ਨੌਕਰੀ, ਬੇਰੁਜ਼ਗਾਰੀ ਭੱਤਾ, ਬਿਮਾਰੀ ਲਾਭ ਅਤੇ ਬੱਚਿਆਂ ਦੇ ਲਾਭਾਂ ਸਮੇਤ ਵੱਖ-ਵੱਖ ਲਾਭਾਂ ਨਾਲ ਸੰਬੰਧਿਤ ਸਾਰੇ ਵੇਰਵਿਆਂ ਨੂੰ ਵਿਵਸਥਿਤ ਕਰਦੇ ਹਾਂ।

## ਮਾਲਕ ਦੇ ਦੁਰਵਿਵਹਾਰ ਅਤੇ ਸ਼ੋਸ਼ਣਕਾਰੀ ਕਿਰਤ ਵਿਰੁੱਧ ਕਨੂੰਨ 199/2026

ਕਨੂੰਨ 199/2016 ਸ਼ੋਸ਼ਣਕਾਰੀ ਕਿਰਤ ਅਤੇ ਪੂੰਜੀਵਾਦੀ ਦੁਰਵਿਵਹਾਰ ਦੋਵਾਂ ਨਾਲ ਨਜਿੱਠਣ ਲਈ ਇੱਕ ਪ੍ਰਮੁੱਖ ਸਾਧਨ ਹੈ। ਇਸ ਕਨੂੰਨ ਅਧੀਨ ਅਜਿਹੇ ਕਿਸੇ ਵੀ ਰੁਜ਼ਗਾਰਦਾਤੇ ਨੂੰ ਸਜ਼ਾ ਦਿੱਤੀ ਜਾਂਦੀ ਹੈ ਜੋ ਕਾਰਜਸਥਾਨ ਵਿਖੇ ਮਜ਼ਦੂਰਾਂ ਦਾ ਸ਼ੋਸ਼ਣ ਕਰਕੇ ਉਨ੍ਹਾਂ ਦੀ ਜ਼ਰੂਰਤ ਦੀ ਸਥਿਤੀ ਦੇ ਅਧਾਰ 'ਤੇ ਉਨ੍ਹਾਂ ਦਾ ਫਾਇਦਾ ਉਠਾਉਂਦਾ ਹੈ, ਭਾਵੇਂ ਗੈਰ-ਕਨੂੰਨੀ ਮਜ਼ਦੂਰ ਦਲਾਲੀ ਮਾਮਲਾ ਹੋਵੇ।

## ਜੇ ਤੁਹਾਨੂੰ ਸ਼ੱਕ ਹੈ ਕਿ ਤੁਹਾਡਾ ਰੁਜ਼ਗਾਰਦਾਤਾ:

- ਤੁਹਾਨੂੰ ਕੰਮ ਸੰਬੰਧੀ ਇਕਰਾਰਨਾਮੇ ਦੇ ਅਨੁਸਾਰ ਘੱਟ ਤਨਖਾਹ ਦਿੰਦਾ ਹੈ
- ਤੁਹਾਡੇ ਤੋਂ ਰੋਜ਼ਾਨਾ ਜ਼ਿਆਦਾ ਕੰਮ ਕਰਵਾਉਂਦਾ ਹੈ ਅਤੇ ਨਾ ਹੀ ਉਹ ਤੁਹਾਡੇ ਸਮੇਂ ਜਾਂ ਤੁਹਾਡੀਆਂ ਛੁੱਟੀਆਂ ਦੀ ਪ੍ਰਵਾਹ ਵੀ ਨਹੀਂ ਕਰਦਾ ਹੈ
- ਕਾਰਜਸਥਾਨ ਵਿਖੇ ਤੁਹਾਡੀ ਸੁਰੱਖਿਆ ਦੀ ਪ੍ਰਵਾਹ ਨਹੀਂ ਕਰਦਾ ਹੈ
- ਤੁਹਾਨੂੰ ਕੰਮ ਕਰਨ ਅਤੇ ਰਹਿਣ-ਸਹਿਣ ਦੀਆਂ ਮਾੜੀਆਂ ਸਥਿਤੀਆਂ ਵਿੱਚ ਰੱਖਦਾ ਹੈ, ਖਾਸ ਕਰਕੇ ਰਿਹਾਇਸ਼ ਦੇ ਮਾਮਲੇ ਵਿੱਚ

**FLAI-CGIL ਦੀ ਸਭ ਤੋਂ ਨੇੜਲੀ ਸ਼ਾਖਾ ਨਾਲ ਤੁਰੰਤ ਸੰਪਰਕ ਕਰੋ।**

**ਅਸੀਂ ਢੁੱਕਵੀਂ ਸਹਾਇਤਾ ਮੁਹੱਈਆ ਕਰਵਾਵਾਂਗੇ ਅਤੇ ਇਹ ਪੱਕਾ ਕਰਾਂਗੇ ਕਿ ਤੁਹਾਡੇ ਅਧਿਕਾਰ ਸੁਰੱਖਿਅਤ ਰਹਿਣ!**

# ਖੇਤੀਬਾੜੀ ਕਾਮਿਆਂ ਲਈ ਭਲਾਈ ਲਾਭ

**FIIMI-EBAT ਵੱਲੋਂ ਮੁਹੱਈਆ ਕੀਤੇ ਗਏ ਲਾਭ**

ਬਿਮਾਰੀ ਭੱਤਾ, ਦੁਰਘਟਨਾ ਭੱਤਾ, ਨਰਸਰੀ ਸਕੂਲ, ਪ੍ਰੀਸਕੂਲ, ਮਿਡਲ ਸਕੂਲ, ਹਾਈ ਸਕੂਲ, ਯੂਨੀਵਰਸਿਟੀ, ਗਰਮੀਆਂ ਦੇ ਕੈਂਪਾਂ, ਮਾਹਿਰਾਂ ਨਾਲ ਮੁਲਾਕਾਤਾਂ ਅਤੇ ਮਾਹਿਰ ਡਾਕਟਰੀ ਸੇਵਾਵਾਂ ਲਈ ਵਿੱਤੀ ਸਹਾਇਤਾ।

**ਬਿਮਾਰੀ:** INPS [*ਇਟਾਲੀਅਨ ਨੈਸ਼ਨਲ ਇੰਸਟੀਚਿਊਟ ਫੌਰ ਸੋਸ਼ਲ ਸਿਕਿਓਰਿਟੀ*] ਵੱਲੋਂ ਅਦਾ ਕੀਤੀ ਗਈ ਰਕਮ ਤੋਂ ਇਲਾਵਾ ਦਿੱਤੀ ਜਾਂਦੀ ਵਿੱਤੀ ਸਹਾਇਤਾ, ਬਿਮਾਰੀ ਦੀ ਛੁੱਟੀ ਦੀ ਮਿਆਦ ਦੇ ਆਧਾਰ 'ਤੇ ਤਨਖਾਹ ਦੇ ਵੱਧ ਤੋਂ ਵੱਧ 80% ਜਾਂ 100% ਤੱਕ।

**ਦੁਰਘਟਨਾ/ਸੱਟ:** ਇਨੇਲ (Inail) [*ਕਾਰਜਸਥਾਨ ਵਿਖੇ ਦੁਰਘਟਨਾਵਾਂ ਵਿਰੁੱਧ ਇਤਾਲਵੀ ਰਾਸ਼ਟਰੀ ਬੀਮਾ ਸੰਸਥਾ*] ਵੱਲੋਂ ਅਦਾ ਕੀਤੀ ਗਈ ਰਕਮ ਤੋਂ ਇਲਾਵਾ ਦਿੱਤੀ ਗਈ ਵਿੱਤੀ ਸਹਾਇਤਾ, ਹਾਦਸੇ ਨਾਲ ਸੰਬੰਧਿਤ ਬਿਮਾਰੀ ਦੀ ਛੁੱਟੀ ਦੀ ਪੂਰੀ ਮਿਆਦ ਲਈ ਤਨਖਾਹ ਦੇ ਵੱਧ ਤੋਂ ਵੱਧ 100% ਤੱਕ।

**ਜਣੇਪਾ ਅਤੇ ਪਿੱਤਰਤਾ:** ਹਰੇਕ ਬੱਚੇ ਲਈ ਮਾਪਿਆਂ ਵਿੱਚੋਂ ਇੱਕ ਨੂੰ €1,000.00 ਦੀ ਇੱਕਮੁਸ਼ਤ ਰਕਮ ਦਿੱਤੀ ਜਾਂਦੀ ਹੈ।

**ਨਰਸਰੀ ਸਕੂਲ, ਪ੍ਰੀਸਕੂਲ ਅਤੇ ਮਿਡਲ ਸਕੂਲ ਲਈ ਵਿੱਤੀ ਸਹਾਇਤਾ**
ਅਦਾ ਕੀਤੀਆਂ ਗਈਆਂ ਰਕਮਾਂ ਹੇਠ ਲਿਖੇ ਅਨੁਸਾਰ ਹਨ:

- ਹਰੇਕ ਸਕੂਲੀ ਸਾਲ ਦੀ ਹਾਜ਼ਰੀ ਲਈ ਨਰਸਰੀ ਸਕੂਲ ਭੱਤੇ ਵਜੋਂ €700,00 ਦੀ ਪੇਸ਼ਕਸ਼;
- ਹਰੇਕ ਸਕੂਲੀ ਸਾਲ ਦੀ ਹਾਜ਼ਰੀ ਲਈ ਪ੍ਰੀਸਕੂਲ ਭੱਤੇ ਵਜੋਂ €300,00 ਦੀ ਪੇਸ਼ਕਸ਼;
- ਸਿਰਫ਼ ਪਹਿਲੇ ਸਕੂਲ ਸਾਲ ਲਈ ਮਿਡਲ ਸਕੂਲ ਭੱਤੇ ਵਜੋਂ €100,00 ਦੀ ਪੇਸ਼ਕਸ਼।

**ਗਰਮੀਆਂ ਦਾ ਕੈਂਪ:** ਗਰਮੀਆਂ ਦੇ ਕੈਂਪਾਂ ਲਈ ਵਿੱਤੀ ਸਹਾਇਤਾ ਵਜੋਂ €200,00 ਦੀ ਪੇਸ਼ਕਸ਼।

**ਹਾਈ ਸਕੂਲ** - ਅਦਾ ਕੀਤੀਆਂ ਗਈਆਂ ਰਕਮਾਂ ਹੇਠ ਲਿਖੇ ਅਨੁਸਾਰ ਹਨ:

- ਹਾਈ ਸਕੂਲ ਦੇ ਪਹਿਲੇ ਸਾਲ ਵਿੱਚ ਦਾਖਲੇ ਲਈ €300.00 ਦੀ ਪੇਸ਼ਕਸ਼;
- ਹਾਈ ਸਕੂਲ ਦੇ ਪਹਿਲੇ ਸਾਲ ਵਿੱਚ ਦਾਖਲੇ ਲਈ €500.00 ਦੀ ਪੇਸ਼ਕਸ਼ (ਖੇਤੀਬਾੜੀ ਵਿੱਚ ਮੁਹਾਰਤ ਸਹਿਤ);
- ਹਾਈ ਸਕੂਲ ਦੇ ਦੂਜੇ, ਤੀਜੇ, ਚੌਥੇ, ਪੰਜਵੇਂ ਸਾਲ ਲਈ €250.00 ਪ੍ਰਤੀ ਸਾਲ ਦੇ ਪੇਸ਼ਕਸ਼।

**ਯੂਨੀਵਰਸਿਟੀ** - ਅਦਾ ਕੀਤੀਆਂ ਗਈਆਂ ਰਕਮਾਂ ਹੇਠ ਲਿਖੇ ਅਨੁਸਾਰ ਹਨ:

- ਹਾਜ਼ਰੀ ਦੇ ਹਰ ਸਾਲ ਲਈ €1,000.00 ਦੀ ਪੇਸ਼ਕਸ਼;
- ਕੰਮ ਕਰਨ ਵਾਲੇ ਵਿਦਿਆਰਥੀਆਂ ਦੇ ਮਾਮਲੇ ਵਿੱਚ ਹਾਜ਼ਰੀ ਦੇ ਹਰ ਸਾਲ ਲਈ €1,200.00 ਦੀ ਪੇਸ਼ਕਸ਼;
- ਖੇਤੀਬਾੜੀ ਨਾਲ ਸਬੰਧਤ ਡਿਗਰੀਆਂ ਲਈ €1,500.00 ਦੀ ਪੇਸ਼ਕਸ਼। ਉਪਰੋਕਤ ਇੱਕਮੁਸ਼ਤ ਅਦਾਇਗੀ ਡਿਗਰੀ ਸਰਟੀਫਿਕੇਟ ਪੇਸ਼ ਕਰਨ 'ਤੇ ਕੀਤੀ ਜਾਵੇਗੀ।

**ਸਪੈਸ਼ਲਿਸਟ ਮੁਲਾਕਾਤਾਂ ਅਤੇ ਸਪੈਸ਼ਲਿਸਟ ਡਾਕਟਰੀ ਸੇਵਾਵਾਂ:** ਕਰਮਚਾਰੀ ਅਤੇ ਉਨ੍ਹਾਂ ਦੇ ਨਿਰਭਰ ਪਰਿਵਾਰਕ ਮੈਂਬਰਾਂ ਲਈ ਸਪੈਸ਼ਲਿਸਟ ਮੁਲਾਕਾਤਾਂ ਅਤੇ ਡਾਕਟਰੀ ਸੇਵਾਵਾਂ ਲਈ 40% ਅਦਾਇਗੀ ਮੁਹੱਈਆ ਕੀਤੀ ਜਾਂਦੀ ਹੈ। ਹੇਠ ਲਿਖੇ ਖਰਚੇ ਸ਼ਾਮਲ ਹਨ:

- ਮਰੀਜ਼ ਵੱਲੋਂ ਅਦਾ ਕੀਤੀ ਗਈ ਸਿਹਤ ਸੰਭਾਲ ਫ਼ੀਸ;
- ਮਾਹਿਰਾਂ ਦੀਆਂ ਮੁਲਾਕਾਤਾਂ ਅਤੇ ਡਾਇਗਨੌਸਟਿਕ ਪ੍ਰਕਿਰਿਆਵਾਂ;
- ਸੁਤੰਤਰ ਡਾਕਟਰਾਂ ਵੱਲੋਂ ਮਾਹਿਰਾਂ ਦੀਆਂ ਮੁਲਾਕਾਤਾਂ;
- ਯਾਂਤਰਿਕ ਜਾਂਚਾਂ;
- ਪ੍ਰਯੋਗਸ਼ਾਲਾ ਜਾਂਚਾਂ;
- ਐਕਸ-ਰੇ ਜਾਂਚਾਂ;
- ਖ਼ੂਨ ਦੀਆਂ ਜਾਂਚਾਂ;
- ਇਤਾਲਵੀ NHS ਨਾਲ ਸੰਬੰਧਿਤ ਸਹੂਲਤਾਂ 'ਤੇ ਕੀਨੇਸੀਓਥੈਰੇਪੀ ਸੈਸ਼ਨ।

# ਇਸ ਤੋਂ ਇਲਾਵਾ ਹੋਰ ਲਾਭ

Fondo FISA

**ਖੇਤੀਬਾੜੀ ਕਾਮਿਆਂ ਲਈ ਸਿਹਤ ਸੰਭਾਲ ਫੰਡ**

**ਕੀ ਤੁਸੀਂ ਆਪਣੀ ਸਮਰੱਥਾ ਦੇ 15% ਤੋਂ ਵੱਧ ਕਿਸੇ ਸਥਾਈ ਕੰਮ ਦੀ ਅਯੋਗਤਾ ਦਾ ਸ਼ਿਕਾਰ ਹੋਏ ਹੋ?**
ਵੱਧ ਤੋਂ ਵੱਧ € 200,00 ਪ੍ਰਤੀ ਦਿਨ (ਪਿਛਲੇ ਸਾਲ ਦੇ ਤੁਹਾਡੇ ਕੰਮਕਾਜੀ ਦਿਨਾਂ ਦੀ ਕੁੱਲ ਗਿਣਤੀ ਦੇ ਅੰਦਰ)

- **ਕੀ ਤੁਸੀਂ ਪਿਤਾ ਜਾਂ ਮਾਂ ਬਣ ਗਏ ਹੋ?**
ਘੱਟੋ-ਘੱਟ € 40,00 / ਵੱਧ ਤੋਂ ਵੱਧ € 60,00 ਪ੍ਰਤੀ ਦਿਨ

- **ਕੀ ਤੁਸੀਂ ਪਿਤਾ ਜਾਂ ਮਾਂ ਬਣ ਗਏ ਹੋ?**
ਬੱਚੇ ਦੇ ਜਨਮ ਲਈ ਹਸਪਤਾਲ ਵਿੱਚ ਦਾਖਲ ਹੋਣ ਲਈ ਘੱਟੋ-ਘੱਟ € 40,00 / ਵੱਧ ਤੋਂ ਵੱਧ € 60,00 ਪ੍ਰਤੀ ਦਿਨ

- **ਕੀ ਤੁਸੀਂ ਸਪੈਸ਼ਲਿਸਟ ਜਾਂਚਾਂ ਦੀਆਂ ਕਰਵਾਈਆਂ ਸਨ?**
ਵੱਧ ਤੋਂ ਵੱਧ € 300,00 ਪ੍ਰਤੀ ਸਾਲ

- **ਕੀ ਤੁਸੀਂ ਖ਼ੂਨ ਦੀ ਜਾਂਚ ਕਰਵਾਈ ਸੀ?**
ਵੱਧ ਤੋਂ ਵੱਧ € 200,00 ਪ੍ਰਤੀ ਸਾਲ

- **ਕੀ ਤੁਸੀਂ ਆਰਥੋਪੈਡਿਕ ਪ੍ਰੋਸਥੇਸਿਸ ਜਾਂ ਸੁਣਨ ਸ਼ਕਤੀ ਦੇ ਡੀਵਾਈਸ ਖਰੀਦੇ ਸਨ?**
ਵੱਧ ਤੋਂ ਵੱਧ € 1000,00 ਪ੍ਰਤੀ ਸਾਲ

- **ਕੀ ਤੁਹਾਨੂੰ ਕੋਈ ਸੱਟ ਲੱਗੀ ਹੈ ਜਾਂ ਤੁਸੀਂ ਕਿਸੇ ਪੁਨਰਵਾਸ ਫਿਜ਼ੀਓਥੈਰੇਪੀ ਜਾਂ ਦੰਦਾਂ ਦੇ ਇਲਾਜ ਕਰਵਾਇਆ ਹੈ?**
ਵੱਧ ਤੋਂ ਵੱਧ € 1000,00 ਪ੍ਰਤੀ ਸਾਲ

**ਸਿੱਧਾ ਸਭ ਤੋਂ ਨੇੜਲੇ FLAI-CGIL ਡੈਸਕ ਵਿਖੇ ਜਾਓ। ਅਸੀਂ ਤੁਹਾਨੂੰ ਉਨ੍ਹਾਂ ਲਾਭਾਂ ਬਾਰੇ ਹੋਰ ਜਾਣਕਾਰੀ ਦੇਵਾਂਗੇ ਜਿਨ੍ਹਾਂ ਦੇ ਤੁਸੀਂ ਹੱਕਦਾਰ ਹੋ**